I/96061/2024

**ਸੀ.ਆਈ.ਐਨ ਨੰ: U02001PB1983SGC034715**

**ਜੀ.ਐਸ.ਟੀ ਨੰ: 03AAABC2806ROZO**

**ਪੰਜਾਬ ਰਾਜ ਵਣ ਵਿਕਾਸ ਨਿਗਮ ਲਿਮ.**

ਰਜਿਸਟਰਡ ਦਫ਼ਤਰ: ਵਣ ਭਵਨ, ਸੈਕਟਰ-68, ਐਸ.ਏ.ਐਸ ਨਗਰ (ਮੋਹਾਲੀ)

ਫੋਨ ਨੰਬਰ.0172-2298007, ਈ-ਮੇਲ:mdpsfdc@gmail.com

ਵੈਬਸਾਇਟ : www.pbforestdevcorp.gov.in

# ਵਣ ਨਿਗਮ ਪੰਜਾਬ ਵੱਲੋਂ ਰੁੱਖਾਂ ਦੀਆਂ ਵੇਚ ਦੀਆਂ ਵਿਸ਼ੇਸ਼ ਸ਼ਰਤਾਂ

1. ਹਰ ਇੱਕ ਲਾਟ ਦੇ ਜੋ ਰੁੱਖ ਕਟਾਈ ਕਰਨ ਵਾਸਤੇ ਮਾਰਕ ਕੀਤੇ ਜਾਣਗੇ, ਉਹਨਾਂ ਦਾ ਵੇਰਵਾ ਟੈਂਡਰ ਡਾਕੂਮੈਂਟ ਦੇ ਨਾਲ ਨੱਥੀ ਲਿਸਟਾਂ ਵਿੱਚ ਦਿੱਤਾ ਜਾਵੇਗਾ। ਵਿਭਾਗ ਵੱਲੋਂ ਤਬਦੀਲ ਕੀਤੇ ਦਰੱਖਤਾਂ ਦੀ ਸੰਖਿਆ, ਕਿਸਮ, ਪੈਮਾਇਸ਼ /ਕਲਾਸ ਅਤੇ ਘਣਫਲ ਜੋ ਦਿਤੇ ਗਏ ਹਨ, ਨੂੰ ਬਿਡ (Bids) ਕਰਨ ਵਾਲਿਆਂ ਵਾਸਤੇ ਠੀਕ ਮੰਨਣਾ ਜਰੂਰੀ ਹੋਵੇਗਾ। ਇਸ ਸਬੰਧ ਵਿਚ ਕੋਈ ਇਤਰਾਜ ਮੰਨਣਯੋਗ ਨਹੀਂ ਹੋਵੇਗਾ। ਕਿਸੇ ਰੁੱਖ ਦੇ ਖੋਖਲੇ ਜਾਂ ਨਾਕਾਰਾ ਨਿਕਲਣ (ਗੁਣਵੱਤਾ ਪੱਖੋਂ) ਤੇ ਇਸ ਵਿੱਚ ਖਰੀਦਦਾਰ ਨੂੰ ਉਸਦੀ ਕੀਮਤ ਵਾਪਸ ਲੈਣ ਦਾ ਕੋਈ ਹੱਕ ਨਹੀਂ ਹੋਵੇਗਾ, ਅਜਿਹੇ ਦਰਖਤਾਂ ਦੇ ਬਦਲੇ ਹੋਰ ਰੁੱਖ ਨਹੀਂ ਦਿੱਤੇ ਜਾਣਗੇ। ਪ੍ਰੰਤੂ ਜੇਕਰ ਮਾਰਕ ਕੀਤੇ ਗਏ ਰੁੱਖ ਮੌਕੇ ਤੇ ਸਫਲ ਬੋਲੀਕਾਰ ਨੂੰ ਕਬਜ਼ੇ ਵਿੱਚ ਨਹੀਂ ਮਿਲਦੇ ਤਾਂ ਉਹਨਾਂ ਦਰੱਖਤਾਂ ਦੀ ਕੀਮਤ ਲਾਟ ਦੇ ਕਿਸਮਵਾਰ ਪ੍ਰਾਪਤ ਹੋਏ ਰੇਟ ਦੇ ਅਨੁਪਾਤ ਤੇ ਕੰਪੀਟੈਂਟ ਅਥਾਰਟੀ ਵੱਲੋਂ ਕੱਢੀ ਜਾਵੇਗੀ ਜੋ ਫਾਈਨਲ ਹੋਵੇਗੀ ਅਤੇ ਇਹ ਠੇਕੇ ਦੀ ਕੁੱਲ ਰਕਮ ਵਿੱਚੋਂ ਘਟਾ ਦਿੱਤੀ ਜਾਵੇਗੀ। ਜੇਕਰ ਕੋਈ ਵੀ ਘਾਟਾ ਵਾਧਾ ਦੂਹਰੇ ਨੰਬਰ ਲਗਾਉਣ ਜਾਂ ਦਫਤਰੀ ਟਾਈਪਿੰਗ ਦੀ ਗਲਤੀ ਕਰਕੇ ਹੋਵੇਗਾ ਤਾਂ ਉਸ ਲਈ ਤਬਦੀਲੀ ਜਾਂ ਅਡਜੈਸਟਮੈਂਟ ਕਰਨ ਦਾ ਹੱਕ ਪੰਜਾਬ ਰਾਜ ਵਣ ਵਿਕਾਸ ਨਿਗਮ ਦੇ ਸਮਰਥ ਅਧਿਕਾਰੀ ਨੂੰ ਹੋਵੇਗਾ।

**2.** ਹਰੇਕ ਬੋਲੀਕਾਰ ਵੱਲੋਂ ਈ-ਟੈਂਡਰ ਕਮ ਆਕਸ਼ਨ/ਈ-ਆਕਸ਼ਨ ਦੇ ਸਮੇਂ ਉਸ ਵੱਲੋਂ ਬਿਡ (Bid) ਕੀਤੇ ਲਾਟਾਂ ਦੀ ਰਾਖਵੀਂ ਕੀਮਤ ਦੀ ਰਕਮ ਦੀ 25,000/- ਰੁਪਏ ਜਾਂ 3% ਬਤੌਰ ਬਿਆਨਾ (EMD) ਜੋ ਵੀ ਵੱਧ ਹੋਵੇਗੀ, ਭਰਨੀ ਹੋਵੇਗੀ । ਇਹ ਰਕਮ ਸਬੰਧਤ ਵੈਬਸਾਈਟ ਤੇ ਉਪਲਬਧ ਵਿਕਲਪ ਮੁਤਾਬਿਕ ਭਰਨੀ ਹੋਵੇਗੀ। ਟੈਂਡਰ ਦੇ ਸਮੇਂ ਇੱਕ ਜਾਂ ਇਕ ਤੋਂ ਵੱਧ ਲਾਟ ਵਾਸਤੇ ਬਿਡ ਕੀਤੀ ਜਾ ਸਕਦੀ ਹੈ ਤੇ ਇਕ ਵਾਰ ਦਿੱਤੀ ਹੋਈ ਬਿੱਡ (Bid) ਵਾਪਸ ਨਹੀਂ ਲਈ ਜਾ ਸਕਦੀ। ਸਮਰੱਥ ਅਧਿਕਾਰੀ ਕੋਲ ਲਾਟਾਂ ਨੂੰ ਜੋੜਣ ਜਾਂ ਤੋੜਣ ਦਾ ਅਧਿਕਾਰ ਹੋਵੇਗਾ। ਜੇਕਰ ਕੋਈ ਬੋਲੀਕਾਰ ਇੱਕ ਤੋਂ ਵੱਧ ਲਾਟਾਂ ਲਈ ਬਿੱਡ ਕਰਦਾ ਹੈ ਤਾਂ ਹਰ ਇੱਕ ਲਾਟ ਦਾ ਬਣਦਾ ਬਿਆਨਾ ਅਤੇ ਲਾਟ ਵਾਈਜ਼ ਜਮ੍ਹਾਂ ਕਰਵਾਈ ਬਿਆਨੇ ਦੀ ਰਕਮ ਦਾ ਵੇਰਵਾ ਟੈਂਡਰ ਭਰਦੇ ਹੋਏ ਹੇਠ ਲਿਖੇ ਪ੍ਰੋਫਾਰਮੇ ਅਨੁਸਾਰ ਅਪਲੋਡ ਕਰੇਗਾ:

| ਲੜੀ ਨੰਬਰ | ਲਾਟ ਨੰਬਰ | ਰਿਜ਼ਰਵ ਕੀਮਤ | ਬਣਦਾ ਬਿਆਨਾ | ਜਮ੍ਹਾਂ ਕੀਤਾ ਬਿਆਨਾ |
|---|---|---|---|---|

ਇਸ ਤੋਂ ਇਲਾਵਾ 2 ਲੱਖ ਤੱਕ ਦੀ ਰਾਖਵੀਂ ਕੀਮਤ ਦੇ ਟੈਂਡਰ ਜੋ ਰੀਜਨ ਪੱਧਰ ਤੇ ਹੁੰਦੇ ਹਨ, ਉਨ੍ਹਾਂ ਦੀ 5% ਬਿਆਨਾ (EMD) ਰਕਮ ਭਰਨਾ ਹੋਵੇਗਾ। ਇਸ ਬਿਆਨੇ ਦੇ ਬਗੈਰ ਉਸਦੇ ਟੈਂਡਰ/ਬੋਲੀ ਨੂੰ ਵਿਚਾਰਿਆ ਨਹੀਂ ਜਾਵੇਗਾ।

**3**. ਕਾਮਯਾਬ ਖ੍ਰੀਦਦਾਰ ਵੱਲੋਂ ਈ-ਟੈਂਡਰ ਕਮ ਆਕਸ਼ਨ/ਈ-ਆਕਸ਼ਨ ਦਾ ਨਤੀਜਾ ਪੰਜਾਬ ਸਰਕਾਰ ਦੀ ਵੈਬਸਾਈਟ (www.eproc.punjab.gov.in ) ਤੇ ਅਪਲੋਡ ਹੋਣ ਦੀ ਮਿਤੀ ਤੋਂ 20 ਦਿਨਾਂ ਦੇ ਅੰਦਰ ਬਿਡ (Bid) ਕੀਤੀ ਰਕਮ ਦਾ 20% ਰਕਮ (ਸਮੇਤ ਪਹਿਲਾਂ ਜਮ੍ਹਾਂ ਕਰਾਏ ਗਏ 3% ਬਿਆਨੇ ਦੀ ਰਕਮ) ਅਤੇ 5 % ਬਤੌਰ ਸਿਕਿਉਰਟੀ ਜਮ੍ਹਾਂ ਕਰਵਾਣੇ ਪੈਣਗੇ ਅਤੇ ਇਕਰਾਰਨਾਮੇ ਨੂੰ ਪੂਰਾ ਕਰਕੇ ਦਸਤਖਤ ਕਰਨੇ ਹੋਣਗੇ।

ਲਾਟ ਦਾ ਕਟਾਈ ਆਰਡਰ ਜਾਰੀ ਕਰਨ ਤੋਂ ਪਹਿਲਾਂ ਲਾਗੂ ਜੀ.ਐਸ.ਟੀ. ਜਮ੍ਹਾ ਕਰਵਾਉਣਾ ਪਵੇਗਾ। ਇਸ ਤੋਂ ਇਲਾਵਾ ਇਨਕਮ ਟੈਕਸ ਦੀ ਧਾਰਾ 206C ਅਧੀਨ ਕੁੱਲ ਰਕਮ (ਸਮੇਤ GST) ਉੱਤੇ TCS@2.50% ਜਮ੍ਹਾਂ ਕਰਾਉਣਾ ਹੋਵੇਗਾ। ਸਫਲ ਬੋਲੀਕਾਰ ਵੱਲੋਂ 27-C ਫਾਰਮ ਜਮ੍ਹਾਂ ਕਰਾਉਣ ਤੇ TCS@2.50% ਜਮ੍ਹਾਂ ਕਰਾਉਣ ਤੋਂ ਛੋਟ ਹੋਵੇਗੀ।

**4.** ਖਰੀਦ ਕੀਤੇ ਲਾਟਾਂ ਦੀ ਸਾਰੀ ਰਕਮ **ਹੇਠ ਦਰਜ ਟੇਬਲ-1** ਅਨੁਸਾਰ ਜਮ੍ਹਾਂ ਕਰਾਉਣੀ ਪਵੇਗੀ ਅਤੇ ਜਮ੍ਹਾਂ ਕਰਾਉਣ ਵਾਲੀ ਸਾਰੀ ਰਕਮ ਬੈਂਕ ਡਰਾਫਟ/NEFT/RTGS/IMPS ਆਦਿ ਰਾਹੀਂ ਹੀ ਸਵੀਕਾਰ ਕੀਤੀ ਜਾਵੇਗੀ। ਵਣ ਨਿਗਮ ਦੇ ਬੈਂਕ ਖਾਤੇ ਵਿੱਚ ਪੇਮੈਂਟ ਪ੍ਰਾਪਤ ਹੋਣ ਉਪਰੰਤ ਹੀ ਵਣ ਨਿਗਮ ਵਲੋਂ ਬਣਦੀ ਅਗਲੇਰੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

**5**. ਉਪਰੋਕਤ ਲੜੀ ਨੰ: 3 ਦੀਆਂ ਸ਼ਰਤਾਂ ਮੁਤਾਬਿਕ ਜੇਕਰ ਕਾਮਯਾਬ ਟੈਂਡਰਕਾਰ ਨਿਰਧਾਰਤ ਸਮੇਂ ਦੌਰਾਨ ਬਣਦੀ 20% ਰਕਮ (ਸਮੇਤ ਬਿਆਨਾ ਰਕਮ) ਅਤੇ ਬਣਦੀ 5% ਸਕਿਉਰਟੀ ਜਮਾਂ ਕਰਾਉਣ ਅਤੇ ਇਕਰਾਰਨਾਮਾ ਕਰਨ ਵਿੱਚ ਅਸਮਰਥ ਰਹਿੰਦਾ ਹੈ ਤਾਂ ਪਹਿਲਾਂ ਬਿਡ(Bid) ਨਾਲ ਜਮ੍ਹਾ ਕਰਾਇਆ ਗਿਆ 3% ਬਿਆਨਾ (2 ਲੱਖ ਤੱਕ ਦੇ ਲਾਟਾਂ ਤੇ ਬਿਆਨੇ ਦੀ ਰਕਮ 5%) ਜ਼ਬਤ ਕਰਦੇ ਹੋਏ ਠੇਕਾ ਰੱਦ ਕਰ ਦਿੱਤਾ ਜਾਵੇਗਾ ਅਤੇ ਇਸ ਲਾਟ ਦੀ ਦੁਬਾਰਾ ਟੈਂਡਰ ਕਰਨ ਲਈ ਕਾਰਵਾਈ ਆਰੰਭ ਕਰ ਦਿੱਤੀ ਜਾਵੇਗੀ।

**6.ਐਗਰੀਮੈਂਟ ਕਰਨ ਤੋਂ ਬਾਦ ਬਾਕੀ ਰਹਿੰਦੀ ਰਕਮ ਦੀ ਅਦਾਇਗੀ ਅਤੇ ਲਾਟਾਂ ਦੀ ਮਿਆਦ ਬਾਰੇ।**

ਨਿਗਮ ਵੱਲੋਂ ਵੇਚੇ ਗਏ ਲਾਟਾਂ ਦੀ ਐਗਰੀਮੈਂਟ ਕਰਨ ਤੋਂ ਬਾਅਦ ਬਾਕੀ ਰਹਿੰਦੀ ਰਕਮ ਦੀ ਅਦਾਇਗੀ ਅਤੇ ਲਾਟਾਂ ਦੀ ਮਿਆਦ ਟੇਬਲ ਨੰਬਰ 1. ਅਨੁਸਾਰ ਹੇਠ ਪ੍ਰਕਾਰ ਹੋਵੇਗੀ।

**ਟੇਬਲ ਨੰ: 1**

**ਵੱਖ ਵੱਖ ਠੇਕਿਆਂ ਦੀ ਬਾਕੀ ਰਹਿੰਦੀ ਰਕਮ ਦੀ ਅਦਾਇਗੀ ਅਤੇ ਲਾਟਾਂ ਦੀ ਮਿਆਦ ਸਬੰਧੀ**

| ਲੜੀ ਨੰ | ਲਾਟ ਦੀ ਸੇਲ ਰਕਮ (ਸਮੇਤ ਟੈਕਸ) (ਰੁਪਏ ਵਿੱਚ ) | ਟੈਂਡਰ ਨਤੀਜਾ ਅਪਲੋਡ ਹੋਣ ਤੋਂ ਬਾਅਦ ਇਕਰਾਰਨਾਮਾ ਸਾਈਨ ਕਰਨ ਦੀ ਮਿਆਦ (ਦਿਨਾਂ ਵਿੱਚ) | ਇਕਰਾਰਨਾਮਾ ਸਾਈਨ ਤੋਂ ਬਾਅਦ ਦਿਨਾਂ ਦੀ ਗਿਣਤੀ ਜਿਸ ਵਿੱਚ ਸਾਰੀ ਰਕਮ ਜਮ੍ਹਾਂ ਕਰਵਾਉਣੀ ਪਵੇਗੀ | ਫੈਲਿੰਗ ਆਰਡਰ ਜਾਰੀ ਹੋਣ ਤੋਂ ਬਾਅਦ ਕਬਜਾ ਲੈਣ ਉਪਰੰਤ ਠੇਕੇ ਦੀ ਮਿਆਦ (ਦਿਨਾਂ ਵਿੱਚ ) |
|---|---|---|---|---|
| 1. | 2 ਲੱਖ ਰੁਪਏ ਤੱਕ | 10 (ਲਾਟ ਦੀ ਸਾਰੀ ਰਕਮ ਸਮੇਤ ਟੈਕਸ ਜਮਾਂ ਕਰਵਾਉਣ ਉਪੰਰਤ) | NA | 25 |
| 2. | 2 ਲੱਖ ਰੁਪਏ ਤੋਂ ਉੱਪਰ 15 ਲੱਖ ਰੁਪਏ ਤੱਕ | 20 | 20 | 35 |
| 3. | 1 5 ਲੱਖ ਰੁਪਏ ਤੋਂ ਉੱਪਰ 50 ਲੱਖ ਰੁਪਏ ਤੱਕ | 20 | 40 | 70 |
| 4. | 50 ਲੱਖ ਰੁਪਏ ਤੋਂ ਉੱਪਰ 1 ਕਰੋੜ ਰੁਪਏ ਤੱਕ | 20 | 50 | 110 |
| 5. | 1 ਕਰੋੜ ਰੁਪਏ ਤੋਂ ਉੱਪਰ 2.50 ਕਰੋੜ ਰੁਪਏ ਤੱਕ | 20 | 60 | 120 |
| 6. | | 20 | 70 | 130 |

| | | | | |
|---|---|---|---|---|
| | 2.50 ਕਰੋੜ ਰੁਪਏ ਤੋਂ ਉਪਰ | | | |

ਮਿੱਥੇ ਸਮੇਂ ਦੇ ਅੰਦਰ ਫਰਮ/ਸਫਲ ਬੋਲੀਕਾਰ ਵੱਲੋਂ ਨਿਰਧਾਰਤ ਸਮੇਂ ਅੰਦਰ ਬਣਦੀ ਪੂਰੀ ਰਕਮ (ਸਮੇਤ ਟੈਕਸ) ਜਮ੍ਹਾਂ ਕਰਵਾਉਣੀ ਹੋਵੇਗੀ। ਪੂਰੀ ਰਕਮ ਪ੍ਰਾਪਤ ਹੋਣ ਤੋਂ ਬਾਅਦ ਕਟਾਈ ਆਰਡਰ ਜਾਰੀ ਕੀਤਾ ਜਾਵੇਗਾ।

**7.** ਲਾਟ ਦੀ ਰਕਮ ਨਿਰਧਾਰਿਤ ਸਮੇਂ ਦੇ ਅੰਦਰ ਜਮ੍ਹਾ ਕਰਨ ਉਪਰੰਤ ਅਤੇ ਫੈਲਿੰਗ ਆਰਡਰ ਪ੍ਰਾਪਤ ਹੋਣ ਤੇ ਦਸ ਦਿਨਾਂ ਦੇ ਅੰਦਰ ਅੰਦਰ ਖ੍ਰੀਦਦਾਰ ਵਲੋਂ ਰੁੱਖਾਂ ਦਾ ਕਬਜ਼ਾ ਲੈ ਕੇ ਕਬਜ਼ਾ ਰਸੀਦ ਦੇਣੀ ਪਵੇਗੀ।

8. ਜੇਕਰ ਕੋਈ ਸਫਲ ਬੋਲੀਕਾਰ ਉਪਰੋਕਤ **ਟੇਬਲ ਨੰ. 1** ਵਿੱਚ ਵਿਖਾਏ ਅਨੁਸਾਰ ਬਣਦੀ ਕੋਈ ਵੀ ਰਕਮ ਜਮਾਂ ਕਰਵਾਉਣ ਵਿੱਚ ਅਸਮਰਥ ਰਹਿੰਦਾ ਹੈ ਤਾਂ ਵਣ ਨਿਗਮ ਵੱਲੋਂ ਇਕ ਤਰਫ਼ਾ ਕਾਰਵਾਈ ਕਰਦੇ ਹੋਏ ਜਮਾਨਤ ਦੀ ਰਕਮ ਜ਼ਬਤ ਕੀਤੀ ਜਾਵੇਗੀ ਅਤੇ ਬਕਾਇਆ ਰਹਿੰਦੇ ਰੁੱਖਾਂ ਨੂੰ ਦੁਬਾਰਾ ਟੈਂਡਰ ਰਾਹੀਂ ਵੇਚ ਦਿੱਤਾ ਜਾ ਸਕਦਾ ਹੈ।

**9. ਵਿਸ਼ੇਸ਼ ਲਾਟਾਂ ਬਾਰੇ**

ਨਿਗਮ ਵੱਲੋਂ ਵੇਚੇ ਗਏ ਕਿਸੇ ਵਿਸ਼ੇਸ਼ ਲਾਟ ਦੀ ਕਟਾਈ ਕਿਸੇ ਨਿਸ਼ਚਿਤ ਮਿਆਦ ਦੇ ਦੌਰਾਨ ਪਹਿਲ ਦੇ ਆਧਾਰ ਤੇ ਕਰਨ ਲਈ ਫਰਮ/ਸਫਲ ਬੋਲੀਕਾਰ ਨੂੰ ਕਿਹਾ ਜਾ ਸਕਦਾ ਹੈ ਜੋ ਉਸ ਵੱਲੋਂ ਮੰਨਿਆ ਜਾਣਾ ਜ਼ਰੂਰੀ ਹੋਵੇਗਾ।

**10. ਲਾਟਾਂ ਦੀ ਐਕਸਟੈਂਸ਼ਨ ਬਾਰੇ**

ਵਿਸ਼ੇਸ਼ ਹਾਲਾਤਾਂ ਵਿੱਚ ਕਟਾਈ ਦੇ ਸਮੇਂ ਵਿੱਚ ਵਾਧਾ ਦਿੱਤਾ ਜਾ ਸਕਦਾ ਹੈ। ਅਜਿਹਾ ਸਫਲ ਬੋਲੀਕਾਰ ਵਲੋਂ ਸਬੰਧਤ ਰਿਜਨਲ ਮੈਨੇਜਰ ਨੂੰ ਲਿਖਤੀ ਰੂਪ ਤੇ ਦਿੱਤੀ ਗਈ ਬੇਨਤੀ ਅਤੇ ਰਿਜਨਲ ਮੈਨੇਜਰ ਵੱਲੋਂ ਮੌਕੇ ਦੀ ਸਥਿਤੀ ਨੂੰ ਇਨਸਪੈਕਟ ਕਰਨ ਉਪਰੰਤ ਸਮੇਤ ਫੋਟੋਆਂ, ਲਿਖਤੀ ਤੌਰ ਤੇ ਕੀਤੀ ਗਈ ਸਿਫਾਰਸ਼ ਦੇ ਅਧਾਰ ਉੱਤੇ ਵਿਚਾਰਿਆਂ ਜਾਵੇਗਾ। ਜੇਕਰ ਸਫਲ ਬੋਲੀਕਾਰ ਨੂੰ ਲਾਟ ਵਿੱਚ ਰੁੱਖਾਂ ਨੂੰ ਕੱਟਣ ਸਬੰਧੀ ਕੋਈ ਅਜਿਹੀ ਔਕੜ ਆਉਂਦੀ ਹੈ ਜਿਸ ਦੇ ਨਾਲ ਠੇਕਾ ਸਮੇਂ ਸਿਰ ਪੂਰਾ ਕਰਨਾ ਮੁਸ਼ਕਲ ਹੈ ਤਾਂ ਇਸ ਬਾਰੇ ਸਫਲ ਬੋਲੀਕਾਰ ਨੂੰ ਸਬੰਧਤ ਸਮਰਥ ਅਧਿਕਾਰੀ ਨੂੰ ਲਿਖਤੀ ਤੌਰ ਤੇ ਜਾਣੂ ਕਰਵਾਉਣਾ ਜਰੂਰੀ ਹੋਵੇਗਾ, ਜਿਸ ਬਾਰੇ ਸਮਰਥ ਅਧਿਕਾਰੀ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ।

**11**. ਜੇਕਰ ਖ੍ਰੀਦਦਾਰ ਵੱਲੋਂ ਉਸਦੇ ਵੱਸੋਂ ਬਾਹਰ (unavoidable recordable circumstances) ਕਾਰਨਾਂ ਕਰਕੇ ਇਕਰਾਰਨਾਮਾ ਕਰਨ ਤੋਂ ਬਾਅਦ ਵੇਚ ਦੀਆਂ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਜਾ ਸਕੀਆਂ ਤਾਂ ਉਸ ਵੱਲੋਂ ਸਮੇਂ ਸਿਰ ਇਸ ਬਾਰੇ ਸਮਰਥ ਅਧਿਕਾਰੀ ਨੂੰ ਬੇਨਤੀ ਪੱਤਰ ਸਮੇਤ ਸਬੂਤ ਦਿੱਤਾ ਜਾ ਸਕਦਾ ਹੈ ਅਤੇ ਮੈਨੇਜਿੰਗ ਡਾਇਰੈਕਟਰ ਵੱਲੋਂ ਅਜਿਹਾ ਕੇਸ ਸਬੰਧਤ ਰੀਜਨਲ ਮੈਨੇਜਰ ਦੀ ਸਿਫਾਰਿਸ਼ ਤੇ ਸਬੂਤਾਂ ਦੇ ਆਧਾਰ ਤੇ ਵਿਚਾਰਿਆ ਜਾਵੇਗਾ।

**12.** ਖ੍ਰੀਦਦਾਰ ਵੱਲੋਂ ਰੁੱਖਾਂ ਦੀ ਕਟਾਈ ਇਕ ਪਾਸੇ ਤੋਂ ਇਕਸਾਰ ਸ਼ੁਰੂ ਕੀਤੀ ਜਾਵੇਗੀ। ਵਿੱਚੋਂ-ਵਿੱਚੋਂ ਚੋਣਵੇਂ ਰੁੱਖਾਂ ਦੀ ਕਟਾਈ ਨਹੀਂ ਕੀਤੀ ਜਾਵੇਗੀ।

**13.** ਬਿੱਡ ਭਰਨ ਤੋਂ ਪਹਿਲਾਂ ਰੁੱਖਾਂ ਦੀਆਂ ਮਾਰਕਿੰਗ ਲਿਸਟਾਂ ਅਤੇ ਮਾਰਕ ਕੀਤੇ ਹੋਏ ਰੁੱਖਾਂ ਨੂੰ ਦੇਖਣ ਦੀ ਜਿੰਮੇਵਾਰੀ ਟੈਂਡਰਕਾਰ ਦੀ ਹੋਵੇਗੀ। ਵਣ ਨਿਗਮ ਵੱਲੋਂ ਪੰਜਾਬ ਸਰਕਾਰ ਦੀ ਈ-ਪਰਕਿਉਰਮੈਂਟ ਵੈੱਬਸਾਈਟ ਉੱਤੇ (www.eproc.punjab.gov.in ) ਟੈਂਡਰ ਦਾ ਨਤੀਜਾ ਅਪਲੋਡ ਕੀਤਾ ਜਾਵੇਗਾ। ਨਤੀਜੇ ਨੂੰ ਚੈਕ ਕਰਨ ਦੀ ਜ਼ਿੰਮੇਵਾਰੀ ਟੈਂਡਰਕਾਰ ਦੀ ਹੋਵੇਗੀ। ਵਣ ਨਿਗਮ ਵੱਲੋਂ ਵੱਖਰੇ ਤੌਰ ਤੇ ਇਸ ਸਬੰਧੀ ਕੋਈ ਪੱਤਰ ਜਾਰੀ ਨਹੀਂ ਕੀਤਾ ਜਾਵੇਗਾ।

**14.** ਜੇਕਰ ਖ੍ਰੀਦਦਾਰ ਜਾਂ ਉਸਦੇ ਮਜਦੂਰਾਂ /ਕਰਿੰਦਿਆਂ ਦੀ ਅਣਗਹਿਲੀ ਕਾਰਨ ਜੰਗਲ ਵਿਚ ਅੱਗ ਲਗੇਗੀ ਤਾਂ ਸਫਲ ਬੋਲੀਕਾਰ ਨੂੰ ਉਸਦਾ ਜ਼ਿੰਮੇਵਾਰ ਠਹਿਰਾਇਆ ਜਾਵੇਗਾ ਅਤੇ ਹੋਏ ਨੁਕਸਾਨ ਦੀ ਭਰਪਾਈ ਸਫਲ ਬੋਲੀਕਾਰ ਪਾਸੋਂ ਕੀਤੀ ਜਾਵੇਗੀ। ਜੇ ਖ੍ਰੀਦਦਾਰ ਕੋਈ ਐਸਾ ਦਰਖਤ ਕੱਟ ਲਵੇ ਜੋ ਉਸਨੂੰ ਵੇਚਿਆ ਨਾ ਹੋਵੇ ਤਾਂ ਉਸ ਦੇ ਖਿਲਾਫ ਪ੍ਰਚਲਿਤ ਕਾਨੂੰਨ/ ਰੂਲਾਂ ਅਤੇ ਸਰਕਾਰੀ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

**15**. ਖ੍ਰੀਦਦਾਰ ਆਪਣੇ ਕਰਿੰਦਿਆਂ ਅਤੇ ਮਜਦੂਰਾਂ ਵੱਲੋਂ ਵੀ ਠੇਕੇ ਦੀਆਂ ਸ਼ਰਤਾਂ ਦੀ ਪਾਲਣਾ ਕਰਾਉਣ ਲਈ ਜ਼ੁੰਮੇਵਾਰ ਹੋਵੇਗਾ।

**16.** ਸਾਰੇ ਪ੍ਰਚੱਲਤ ਕਾਨੂੰਨ ਜਿਵੇਂ ਕਿ ਭਾਰਤੀ ਵਣ ਐਕਟ ਅਤੇ ਦੂਸਰੇ ਸਬੰਧਤ ਵਿਭਾਗੀ ਰੂਲਜ਼ / ਹਦਾਇਤਾਂ ਦੀ ਖ੍ਰੀਦਦਾਰ ਨੂੰ ਪਾਲਣਾ ਕਰਨੀ ਹੋਵੇਗੀ।

**17.** ਖ੍ਰੀਦਦਾਰ ਨੂੰ ਦਰੱਖਤਾਂ ਦੀ ਕਟਾਈ ਅਤੇ ਨਿਕਾਸੀ ਸਰਕਾਰੀ ਨਿਯਮਾਂ/ਹਦਾਇਤਾਂ ਅਨੁਸਾਰ ਕਰਨੀ

ਹੋਵੇਗੀ।

18. ਵਣ ਨਿਗਮ/ਵਣ ਵਿਭਾਗ ਨੂੰ ਹੋਏ ਕਿਸੇ ਵੀ ਨੁਕਸਾਨ ਦੀ ਭਰਪਾਈ ਸਫਲ ਬੋਲੀਕਾਰ ਪਾਸੋਂ ਕਰਨੀ ਲਾਜ਼ਮੀ ਹੋਵੇਗੀ ਜੇਕਰ ਉਹ ਹੋਏ ਨੁਕਸਾਨ ਦੀ ਭਰਪਾਈ ਨਹੀਂ ਕਰਦਾ ਤਾਂ ਉਸ ਦੇ ਵਿਰੁੱਧ ਪੈਂਡਿੰਗ ਰਕਮ ਦੀ ਭਰਪਾਈ ਉਸ ਦੀਆਂ ਖੜੀਆਂ ਸਕਿਊਰਿਟੀਆਂ ਰਾਹੀਂ ਕਰਦੇ ਹੋਏ ਬਾਕੀ ਰਕਮ ਰੂਲਾਂ/ਕਾਨੂੰਨਾਂ ਅਨੁਸਾਰ ਵਸੂਲ ਕੀਤੀ ਜਾਵੇਗੀ।

19. **ਪਨੈਲਟੀ ਦੀ ਰਕਮ ਹੇਠ ਲਿਖੇ ਅਨੁਸਾਰ ਹੋਵੇਗੀ:**

| **ਲੜੀ ਨੰ** | **ਵੇਰਵਾ** | **ਪਨੈਲਟੀ** |
|---|---|---|
| 1 | ਇਕਰਾਰਨਾਮਾ ਕਰਨ ਤੋਂ ਬਾਅਦ ਰਹਿੰਦੀ ਕੋਈ ਵੀ ਰਕਮ ਨੂੰ ਲੇਟ ਜਮਾ ਕਰਵਾਉਣਾ (ਵੱਧ ਤੋਂ ਵੱਧ ਚਾਰ ਹਫਤੇ)<br><br>ਚਾਰ ਹਫਤੇ ਤੱਕ ਪੇਮੈਂਟ ਜਮਾਂ ਨਾ ਕਰਵਾਉਣ ਉਤੇ ਠੇਕਾ ਰੱਦ ਕੀਤਾ ਜਾਵੇਗਾ। | ਜਮ੍ਹਾ ਕਰਵਾਉਣ ਵਾਲੀ ਰਕਮ ਦਾ 0.25% ਪ੍ਰਤੀ ਹਫਤਾ |
| 2 | ਰੁੱਖਾ ਦਾ ਕਬਜਾ ਕਟਾਈ ਆਰਡਰ ਜਾਰੀ ਹੋਣ ਤੋਂ 10 ਦਿਨਾ ਦੇ ਵਿੱਚ ਨਾ ਲੈਣਾ। | 1000 ਰੁਪਏ ਪ੍ਰਤੀ ਦਿਨ |
| 3 | ਕਟਾਈ ਦੀ ਮਿਆਦ ਵਿੱਚ ਵਾਧਾ (ਵੱਧ ਤੋਂ ਵੱਧ 3 ਮਹੀਨੇ) | 1000 ਰੁਪਏ ਪ੍ਰਤੀ ਮਹੀਨਾ ਪ੍ਰਤੀ ਲੱਖ ਰੁਪਏ ਸੇਲ ਕੀਮਤ ਉੱਤੇ |
| 4 | ਕਟਾਈ ਖਤਮ ਹੋਣ ਤੋਂ 7 ਦਿਨਾ ਦੇ ਵਿੱਚ ਕੰਪਲੀਸ਼ਨ ਰਿਪੋਟ ਦਸਤਖਤ ਨਾ ਕਰਨਾ। | 1000 ਰੁਪਏ ਪ੍ਰਤੀ ਹਫਤਾ ਨਾ ਟਾਲਣ ਯੋਗ ਹਲਾਤਾਂ ਵਿੱਚ |

ਪੈਨਲਟੀ ਦੀ ਰਕਮ ਜਮਾਂ ਕਰਵਾਉਣ ਉਪਰੰਤ ਹੀ ਸਫਲ ਬੋਲੀਕਾਰ ਨੂੰ ਲਾਗੂ ਸ਼ਰਤਾਂ ਅਨੁਸਾਰ ਅਗਲੀ ਕਾਰਵਾਈ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇਗੀ। ਠੇਕੇਦਾਰਾਂ ਦੀਆ ਸਕਿਊਰਟੀਆਂ ਰਿਫੰਡ ਕਰਨ ਲਈ ਕਟਾਈ ਮੁਕੰਮਲ ਹੋਣ ਉਪੰਰਤ 7 ਦਿਨਾਂ ਦੇ ਅੰਦਰ-ਅੰਦਰ ਸਫਲ ਬੋਲੀਕਾਰ ਨੂੰ ਕੰਪਲੀਸ਼ਨ ਰਿਪੋਟ ਸਾਈਨ ਕਰਨੀ ਹੋਵੇਗੀ।

**20.** ਖ੍ਰੀਦਦਾਰ ਨੂੰ ਰੁੱਖ ਡੇਗਣ ਤੋਂ ਪਹਿਲਾਂ ਉਹਨਾਂ ਦੇ ਛੱਤਰ ਅਤੇ ਟਾਹਣੀਆਂ ਕੱਟਣੀਆਂ ਹੋਣਗੀਆਂ ਅਤੇ ਇਸ ਤਰਾਂ ਡੇਗਣਾ ਹੋਵੇਗਾ ਕਿ ਨੇੜੇ ਖੜ੍ਹੇ ਦਰਖਤਾਂ ਨੂੰ ਘੱਟ ਤੋ ਘੱਟ ਨੁਕਸਾਨ ਹੋਵੇ।

**21.** ਰੁੱਖਾਂ ਨੂੰ ਜੜ੍ਹੋਂ ਪੁੱਟਣਾ ਹੋਵੇਗਾ (ਪਹਾੜੀ ਏਰੀਏ ਤੋਂ ਬਿਨਾਂ) ਅਤੇ ਇਸ ਤਰ੍ਹਾਂ ਪੁੱਟੇ ਹੋਏ ਟੋਇਆਂ ਨੂੰ ਭਰਨਾ ਹੋਵੇਗਾ। ਜੇਕਰ ਸਫਲ ਬੋਲੀਕਾਰ ਵਣ ਨਿਗਮ ਦੀ ਤਸੱਲੀ ਅਨੁਸਾਰ ਟੋਏ ਨਹੀਂ ਭਰਦਾ ਤਾਂ ਇਹ ਕੰਮ ਵਣ ਨਿਗਮ ਵੱਲੋਂ ਕਰਵਾ ਕੇ ਉਸ ਦਾ ਖਰਚਾ ਉਸ ਪਾਸੋਂ ਵਸੂਲ ਕੀਤਾ ਜਾਵੇਗਾ |

**22.** ਖ੍ਰੀਦਦਾਰ ਨੂੰ ਸਮੱਰਥ ਅਧਿਕਾਰੀ ਦੀ ਪੂਰਵ ਮੰਜੂਰੀ ਤੋਂ ਬਗੈਰ ਠੇਕਾ ਕਿਸੇ ਹੋਰ ਦੇ ਨਾਂ ਕਰਨ ਦਾ ਹੱਕ ਅਤੇ ਐਗਰੀਮੈਂਟ ਕਰਨ ਦਾ ਅਧਿਕਾਰ ਨਹੀਂ ਹੋਵੇਗਾ। ਇਸ ਕੇਸ ਵਿੱਚ ਕਾਰਜ ਬਾਦ ਪ੍ਰਵਾਨਗੀ ਲਈ ਅਰਜੀ ਨਹੀਂ ਵਿਚਾਰੀ ਜਾਵੇਗੀ।

**23.** ਖ੍ਰੀਦਦਾਰ ਨੂੰ ਜੰਗਲ ਵਿੱਚ ਸੂਰਜ ਚੜ੍ਹਨ ਤੋਂ ਪਹਿਲਾਂ ਅਤੇ ਸੂਰਜ ਛਿਪਣ ਤੋਂ ਬਾਅਦ ਕੰਮ ਕਰਨ ਦੀ ਆਗਿਆ ਨਹੀਂ ਹੋਵੇਗੀ।

**24.** ਖ੍ਰੀਦਦਾਰ ਵੱਲੋਂ ਟੈਂਡਰ ਵਿੱਚ ਦਿੱਤਾ ਹੋਇਆ ਪਤਾ, ਈ-ਮੇਲ ਆਈ.ਡੀ (email-id), ਸੰਪਰਕ ਨੰਬਰ ਅਤੇ ਦਸਤਖਤ ਕੀਤੀਆਂ ਸ਼ਰਤਾਂ ਨੂੰ ਅਪਲੋਡ ਕੀਤਾ ਜਾਵੇ ਜੋ ਕਿ ਲਿਖਾਪੜੀ ਲਈ ਸਹੀ ਮੰਨਿਆ ਜਾਵੇਗਾ। ਮੰਜੂਰੀ ਜਾਂ ਦੂਸਰੇ ਪੱਤਰਾਂ ਦੀ ਪ੍ਰਾਪਤੀ ਵਿੱਚ ਦੇਰੀ, ਦਿੱਤੇ ਐਡਰੈਸ ਤੋਂ ਸਫਲ ਬੋਲੀਕਾਰ ਦੇ ਨਾ ਮਿਲਣ ਕਾਰਨ ਹੋਈ ਦੇਰੀ ਆਦਿ ਕਾਰਨ ਵਣ ਨਿਗਮ ਕੋਈ ਰਿਆਇਤ ਨਹੀਂ ਦੇਵੇਗਾ। ਪੰਜਾਬ ਸਰਕਾਰ ਦੀ ਈ- ਪਰਕਿਊਰਮੈਂਟ

ਵੈਬਸਾਈਟ (www.eproc.punjab.gov.in) ਉੱਤੇ ਇਹ ਵੇਰਵਾ ਅਪਡੇਟ ਕਰਨ ਦੀ ਜਿੰਮੇਵਾਰੀ ਖਰੀਦਦਾਰ ਦੀ ਹੋਵੇਗੀ।

**25**. ਸਫਲ ਬੋਲੀਕਾਰ ਨੂੰ ਲੇਬਰ ਐਕਟ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ ਅਤੇ ਉਸ ਵੱਲੋਂ ਲਗਾਏ ਗਏ ਮਜ਼ਦੂਰ/ਕਰਿੰਦਿਆਂ ਨੂੰ ਜੇਕਰ ਵਣ ਨਿਗਮ/ਸਰਕਾਰ ਵੱਲੋਂ ਵਰਕਮੈਨ ਕੰਪਨਸੇਸ਼ਨ ਐਕਟ, 1923 ਅਧੀਨ ਜਾਂ ਕਿਸੇ ਹੋਰ ਕਾਨੂੰਨ ਅਧੀਨ ਕੰਪਨਸੇਸ਼ਨ ਦੇਣੀ ਪੈਂਦੀ ਹੈ ਤਾਂ ਉਹ ਰਕਮ ਬੋਲੀਕਾਰ ਤੋਂ ਰੂਲਾਂ/ਕਾਨੂੰਨ ਅਨੁਸਾਰ ਵਸੂਲੀ ਜਾਵੇਗੀ।

**26.** ਰੁੱਖਾਂ ਦੀ ਕਟਾਈ, ਢੋਆਈ ਆਦਿ ਕਰਨ ਤੋਂ ਪਹਿਲਾ ਇਹਨਾਂ ਕੰਮਾਂ ਲਈ ਵਰਤੇ ਜਾਣ ਵਾਲੀਆ ਟਰੈਕਟਰ, ਟਰਾਲੀ ਜਾਂ ਕੋਈ ਹੋਰ ਗੱਡੀ, ਮਸ਼ੀਨਰੀ ਅਤੇ ਖਤਰਨਾਕ ਯੰਤਰ ਆਦਿ ਦੀ ਬਣਦੀ Insurance ਕਰਵਾਉਣ ਦੀ ਜਿੰਮੇਵਾਰੀ ਖਰੀਦਦਾਰ ਦੀ ਹੋਵੇਗੀ। ਖ੍ਰੀਦਦਾਰ ਵੱਲੋਂ ਰੁੱਖਾਂ ਦੀ ਕਟਾਈ ਕਰਕੇ ਜੇਕਰ ਕਿਸੇ ਕਿਸਮ ਦੀ ਜਾਨ ਮਾਲ ਦਾ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਪੂਰੀ ਜ਼ਿੰਮੇਵਾਰੀ ਖਰੀਦਦਾਰ ਦੀ ਹੋਵੇਗੀ|

**27.** ਜੇਕਰ ਖ੍ਰੀਦਦਾਰ ਵੱਲੋਂ ਉਕਤ ਨਿਰਧਾਰਿਤ ਸ਼ਰਤਾਂ ਅਤੇ ਸੰਧੀ ਪੱਤਰ ਦੀਆਂ ਧਾਰਾਵਾਂ ਦੀ ਪਾਲਣਾ ਕਰਦੇ ਹੋਏ ਠੇਕਾ ਮੁਕੰਮਲ ਕਰ ਲਿਆ ਗਿਆ ਤਾਂ ਉਸ ਦੀ ਜ਼ਮਾਨਤ ਦੀ ਰਕਮ ਉਸ ਦੇ ਹੱਕ ਵਿੱਚ ਛੱਡੀ ਜਾਵੇਗੀ। ਜੇਕਰ ਉਸ ਵੱਲੋਂ ਦੀਆਂ ਟੈਂਡਰ ਦੀਆਂ ਸ਼ਰਤਾਂ ਅਤੇ ਸੰਧੀ ਪੱਤਰ ਦੀਆਂ ਧਾਰਾਵਾਂ ਦੀ ਪਾਲਣਾ ਨਹੀਂ ਕੀਤੀ ਗਈ ਤਾਂ ਉਪਰੋਕਤ **19 ਨੰਬਰ ਸ਼ਰਤ** ਅਨੁਸਾਰ ਪਨੈਲਟੀ ਲਗਾਈ ਜਾਵੇਗੀ। ਉਸਦੀ ਸਾਰੀ ਜਮਾਨਤ ਦੀ ਰਕਮ ਜਾਂ ਅਜਿਹਾ ਹਿੱਸਾ ਜੋ ਕਿ ਸਮਰਥ ਅਧਿਕਾਰੀ ਵੱਲੋਂ ਫੈਸਲਾ ਕੀਤਾ ਜਾਵੇਗਾ, ਜ਼ਬਤ ਕਰ ਲਈ ਜਾਵੇਗੀ।

**28.** ਬੋਲੀਕਾਰ ਨੂੰ ਕੇਂਦਰ ਸਰਕਾਰ ਜਾਂ ਭਾਰਤ ਵਿੱਚ ਕਿਸੇ ਵੀ ਰਾਜ ਸਰਕਾਰ ਦੁਆਰਾ ਬਲੈਕਲਿਸਟ ਨਾ ਕੀਤਾ ਗਿਆ ਹੋਵੇ। ਜੇਕਰ ਅਜਿਹੀ ਕੋਈ ਵੀ ਘਟਨਾ ਸਾਹਮਣੇ ਆਉਂਦੀ ਹੈ, ਤਾਂ ਟੈਂਡਰ ਰੱਦ ਕਰ ਦਿੱਤਾ ਜਾਵੇਗਾ ਅਤੇ ਹੋਰ ਲੋੜੀਂਦੀ ਦੰਡਕਾਰੀ ਕਾਰਵਾਈ ਦੇ ਨਾਲ-ਨਾਲ ਸਾਰੀ ਰਕਮ ਤੇ ਮਾਲ ਜ਼ਬਤ ਕਰ ਲਿਆ ਜਾਵੇਗਾ।

**29.** ਜੇਕਰ ਕਿਸੇ ਸਫਲ ਬੋਲੀਕਾਰ ਵੱਲੋਂ ਠੇਕੇ ਲੈਣ ਦੇ ਸਬੰਧ ਵਿੱਚ ਕੋਈ ਗਲਤ ਸੂਚਨਾ ਦਿੱਤੀ ਜਾਂਦੀ ਹੈ ਜਾਂ ਟੈਂਡਰ ਦੀਆਂ ਸ਼ਰਤਾਂ ਅਨੁਸਾਰ ਪੇਮੈਂਟ ਕਰਨ ਵਿੱਚ ਵਾਰ-ਵਾਰ ਅਸਫਲ ਜਾਂ ਟੈਂਡਰ ਦੀਆਂ ਕੋਈ ਹੋਰ ਸ਼ਰਤਾਂ ਦੀ ਵਾਰ-ਵਾਰ ਉਲੰਘਣਾ ਕਰਦਾ ਹੈ ਤਾਂ ਉਸ ਸਫਲ ਬੋਲੀਕਾਰ / ਫਰਮ ਨੂੰ ਸਬੰਧਤ ਲਾਗੂ ਕਾਨੂੰਨ ਅਨੁਸਾਰ ਬਲੈਕ ਲਿਸਟ ਕਰਨ ਦਾ ਅਧਿਕਾਰ ਸਮਰਥ ਅਧਿਕਾਰੀ ਨੂੰ ਹੋਵੇਗਾ।

**30.** ਟੈਂਡਰ ਪ੍ਰਵਾਨ ਕਰਨ ਵਾਲੀ ਅਥਾਰਟੀ ਨੂੰ The Transparency in Public procurement rules 2022 ਦੇ ਸ਼ਡਿਊਲ 1 (Part-1) ਅਨੁਸਾਰ ਕਾਰਵਾਈ ਕਰਨ ਦਾ ਅਧਿਕਾਰ ਹੋਵੇਗਾ ।

**31.** ਠੇਕੇ ਸਬੰਧੀ ਕੋਈ ਵੀ ਕਾਨੂੰਨੀ ਕਾਰਵਾਈ ਦਾ ਅਧਿਕਾਰ ਖੇਤਰ ਸਬੰਧਤ ਰੀਜਨਲ ਮੈਨੇਜਰ ਦੇ ਦਫਤਰ ਦਾ ਸਟੇਸ਼ਨ ਅਤੇ ਮੁੱਖ ਦਫਤਰ ਦਾ ਸਟੇਸ਼ਨ ਐਸ.ਏ.ਐਸ ਨਗਰ ਹੋਵੇਗਾ।

**32.** ਜੇਕਰ ਟੈਂਡਰ ਸਬੰਧੀ ਕੋਈ ਝਗੜਾ ਉਤਪੰਨ ਹੁੰਦਾ ਹੈ, ਤਾਂ ਉਸਦਾ ਫ਼ੈਸਲਾ ਸਾਲਿਸ (Arbitrator) ਪ੍ਰਧਾਨ ਮੁੱਖ ਵਣ ਪਾਲ, (HoFF), ਪੰਜਾਬ ਦੁਆਰਾ ਕਰਵਾਇਆ ਜਾਵੇਗਾ ਅਤੇ ਉਸ ਦਾ ਫੈਸਲਾ ਸਭ ਨੂੰ ਮੰਨਣਯੋਗ ਹੋਵੇਗਾ।

**33.** ਟੈਂਡਰ ਭਰਨ ਤੋਂ ਪਹਿਲਾਂ ਟੈਂਡਰਕਾਰ ਵੱਲੋਂ ਉਪਰੋਕਤ ਸ਼ਰਤਾਂ ਤੋਂ ਆਪਣੇ ਆਪ ਨੂੰ ਭਲੀ ਭਾਂਤ ਜਾਣੂ ਕਰਵਾਉਣ ਦੀ ਜਿੰਮੇਵਾਰੀ ਟੈਂਡਰਕਾਰ ਦੀ ਹੋਵੇਗੀ।

**34.** ਉਪਰੋਕਤ ਸ਼ਰਤਾਂ ਜਾਰੀ ਹੋਣ ਦੀ ਮਿਤੀ ਤੋਂ ਤੁਰੰਤ ਲਾਗੂ ਹੋਣਗੀਆਂ ਜਿਸ ਉਪਰੰਤ ਇਸ ਸਬੰਧੀ ਪਹਿਲਾਂ ਜਾਰੀ ਕੀਤੀਆਂ ਸਾਰੀਆਂ ਸ਼ਰਤਾਂ ਆਪਣੇ ਆਪ ਖਤਮ ਹੋ ਜਾਣਗੀਆਂ।

**35**. ਜੇਕਰ ਕੋਈ ਹੋਰ ਰੁੱਖ ਉਸੇ ਸਾਈਟ ਵਿੱਚ ਕਟਾਈ ਦੇ ਦੌਰਾਨ ਮਾਰਕ ਕੀਤੇ ਜਾਣਗੇ, ਉਹ ਵੀ ਸਫਲ ਬੋਲੀਕਾਰ ਨੂੰ ਉਸ ਲਾਟ ਦੀ ਕੀਮਤ ਅਨੁਸਾਰ ਪਹਿਲਾਂ ਰਕਮ ਭਰ ਕੇ ਲੈਣੇ ਪੈਣਗੇ। ਸਪਲੀਮੈਂਟਰੀ ਮਾਰਕ ਕੀਤੇ ਦਰੱਖਤਾਂ ਦੀ ਕੀਮਤ ਲਾਟ ਦੇ ਕਿਸਮਵਾਰ ਪ੍ਰਾਪਤ ਹੋਏ ਰੇਟ ਦੇ ਅਨੁਪਾਤ ਤੇ ਕੰਪੀਟੈਂਟ ਅਥਾਰਟੀ ਵੱਲੋਂ ਕੱਢੀ ਜਾਵੇਗੀ, ਜੋ ਫਾਈਨਲ ਹੋਵੇਗੀ।

PRAVEEN KUMAR IFS

MANAGING DIRECTOR

04-10-2024